# ਪੰਜਾਬ ਸਕੂਲ ਸਿੱਖਿਆ ਬੋਰਡ

## ਸੈਸ਼ਨ 2025-26 ਲਈ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਦਾ ਸ਼ਡਿਊਲ

ਸੈਸ਼ਨ 2025-26 ਦੌਰਾਨ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਨ ਲਈ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠ ਦਰਸਾਏ ਅਨੁਸਾਰ ਹਨ :-

### ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਸਬੰਧੀ ਸ਼ਡਿਊਲ

| ਮਿਤੀ | ਫੀਸ | ਵਿਸ਼ੇਸ਼ ਕਥਨ |
|---|---|---|
| ਵਿਦਿਆਰਥੀਆਂ ਨੂੰ ਰਜਿਸਟਰਡ ਕਰਨ ਉਪਰੰਤ ਮਿਤੀ 31-10-2025 ਤੱਕ | 1000/-ਰੁ: | ਆਨ-ਲਾਈਨ ਪ੍ਰਕਿਰਿਆ ਰਾਹੀਂ। |
| ਮਿਤੀ 01-11-2025 ਤੋਂ 28-11-2025 ਤੱਕ | 2000/-ਰੁ: | ਆਨ-ਲਾਈਨ ਪ੍ਰਕਿਰਿਆ ਰਾਹੀਂ। |

ਜੇਕਰ ਕਿਸੇ ਵਿਦਿਆਰਥੀ ਦੀ ਕਿਸੇ ਵੀ ਸ਼੍ਰੇਣੀ ਵਿੱਚ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਹੋ ਚੁੱਕੀ ਹੈ ਅਤੇ ਸਕੂਲ ਵੱਲੋਂ ਫਾਈਨਲ ਸਬਮਿਸ਼ਨ ਵੀ ਕੀਤੀ ਜਾ ਚੁੱਕੀ ਹੈ ਅਤੇ ਵਿਦਿਆਰਥੀ ਸਕੂਲ ਬਦਲਣਾ ਚਾਹੁੰਦਾ ਹੈ , ਤਾਂ ਉਸ ਵਿਦਿਆਰਥੀ ਦੀ ਬੋਰਡ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਹੀ ਹੋਵੇਗੀ। ਸਕੂਲਾਂ ਦੀ ਸੁਵਿਧਾ ਲਈ ਆਨ-ਲਾਈਨ ਸਕੂਲ ਤੋਂ ਸਕੂਲ ਮਾਈਗਰੇਸ਼ਨ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ :-

**New School Process**

1 ਵਿਦਿਆਰਥੀ ਨੇ Migrate ਹੋ ਕੇ ਜਿਸ ਨਵੇਂ ਸਕੂਲ ਵਿੱਚ ਜਾਣਾ ਹੈ, ਉਹ ਉਸ ਨਵੇਂ ਸਕੂਲ ਨੂੰ ਇੱਕ application ਦੇਵੇਗਾ।

2 ਨਵਾਂ ਸਕੂਲ ਆਪਣਾ ਸਕੂਲ login ਕਰਨ ਉਪਰੰਤ School Migration menu ਵਿੱਚ 'Apply for Migration' link ਤੇ click ਕਰੇਗਾ।

3 ਇਸ ਲਿੰਕ ਵਿੱਚ Student Unique Id ,Reg. No, Aadhar No,Mobile No ਆਦਿ ਵਿੱਚੋਂ ਕੋਈ ਇਕ option select ਕਰਕੇ , ਉਸ ਨੂੰ ਭਰਕੇ Search button ਤੇ click ਕਰੇਗਾ।

4 ਇਸ ਉਪਰੰਤ ਵਿਦਿਆਰਥੀ ਦੀ ਸਾਰੀ detail screen ਤੇ show ਹੋ ਜਾਵੇਗੀ ਅਤੇ ਉਸ ਦੀ ਰਜਿਸਟਰੇਸ਼ਨ ਫੀਸ ਦਾ status ਨਵੇਂ ਸਕੂਲ ਵੱਲੋਂ check ਕਰਨ ਉਪਰੰਤ Choose action option ਵਿੱਚ Migrate button ਤੇ click ਕੀਤਾ ਜਾਵੇ।(ਜੇਕਰ ਰਜਿਸਟਰੇਸ਼ਨ ਫੀਸ status paid ਹੈ ਤਾਂ ਹੀ Migration ਦੀ option ਖੁਲੇਗੀ। ਰਜਿਸਟਰੇਸ਼ਨ ਫੀਸ pending/unpaid ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦੀ Migration ਨਹੀਂ ਹੋ ਸਕੇਗੀ।)

5 Migration button ਤੇ click ਕਰਨ ਉਪਰੰਤ 'Upload Candidate Application' ਦੀ option ਵਿੱਚ ਵਿਦਿਆਰਥੀ ਦੀ application attach ਕੀਤੀ ਜਾਵੇ ਅਤੇ ਨਾਲ ਹੀ 'Reason of Migration' option ਵਿੱਚ reason ਭਰਨ ਉਪਰੰਤ 'Apply Migration' ਤੇ click ਕੀਤਾ ਜਾਵੇ।

6 School Migration menu ਵਿੱਚ ਸਕੂਲ ਵੱਲੋਂ migration ਵਾਸਤੇ apply ਕੀਤੇ ਵਿਦਿਆਰਥੀਆਂ ਦੀ ਸੂਚੀ ' Applied List' option ਵਿੱਚ ਵੇਖੀ ਜਾ ਸਕਦੀ ਹੈ। (ਜੇਕਰ ਕਿਸੇ ਸਕੂਲ ਵੱਲੋਂ ਗਲਤ Migration apply ਹੋ ਗਿਆ ਹੈ, ਤਾਂ ਉਹ ਪਿਛਲੇ ਸਕੂਲ ਦੇ accept ਕਰਨ ਤੋਂ ਪਹਿਲਾਂ Applied List ਅਧੀਨ Choose Action ਦੀ option ਵਿੱਚ Cancel application ਦੀ option ਵਿੱਚ ਜਾਕੇ Migration cancel ਕਰ ਸਕਦੇ ਹਨ।

**Previous School Process**

1 ਪਿਛਲਾ ਸਕੂਲ ਆਪਣਾ Login ਕਰਨ ਉਪਰੰਤ School Migration menu ਵਿੱਚ 'Received List' ਤੇ click ਕਰਕੇ migration ਲਈ apply ਕੀਤੇ ਵਿਦਿਆਰਥੀਆਂ ਦੀ ਸੂਚੀ ਵੇਖ ਸਕਦੇ ਹਨ।

2 ਇਸ ਉਪਰੰਤ ਪਿਛਲੇ ਸਕੂਲ ਕੋਲ 'Accept/Reject by School' ਦੀ option ਆਵੇਗੀ।

3 ਜੇਕਰ ਪਿਛਲਾ ਸਕੂਲ migration ਵਾਸਤੇ ਸਹਿਮਤ ਹੈ ਤਾਂ ਉਹ Accept ਤੇ click ਕਰਕੇ migration ਲਈ ਸਹਿਮਤੀ ਦੇਵੇਗਾ,ਨਹੀਂ ਤਾਂ ਸਕੂਲ ਵੱਲੋਂ Reject ਦੀ option ਵੀ select ਕੀਤੀ ਜਾ ਸਕਦੀ ਹੈ।

4 Accept/Reject ਦੀ option ਤੇ click ਕਰਨ ਉਪਰੰਤ 'Select your response' ਦੀ option ਵਿੱਚ Accept/Reject select ਕਰਕੇ Remarks enter ਕਰਨ ਉਪਰੰਤ Submit button ਤੇ click ਕੀਤਾ ਜਾਵੇ।

**Fee Payment and Print**

1 ਪਿਛਲੇ ਸਕੂਲ ਵੱਲੋਂ Accept ਕਰਨ ਤੋਂ ਬਾਅਦ ਨਵੇਂ ਸਕੂਲ ਦੇ Login ਅਧੀਨ School Migration menu ਦੀ Applied List option ਵਿੱਚ 'Pay Fee' ਦੀ option ਖੁੱਲ੍ਹ ਜਾਵੇਗੀ। ਇਸ option ਤੇ click ਕਰਕੇ ਸਕੂਲ ਵੱਲੋਂ ਮਾਈਗਰੇਸ਼ਨ ਦੀ ਬਣਦੀ ਫੀਸ ਦੀ online payment ਕੀਤੀ ਜਾਵੇ।

2 Online payment successful ਹੋਣ ਤੋਂ ਬਾਅਦ ਵਿਦਿਆਰਥੀ ਨਵੇਂ ਸਕੂਲ ਵਿੱਚ Migrate ਹੋ ਜਾਵੇਗਾ ਅਤੇ ਇਸ ਮਾਈਗਰੇਸ਼ਨ ਸਰਟੀਫਿਕੇਟ ਦਾ print ਨਵੇਂ ਸਕੂਲ ਅਧੀਨ Applied List ਵਿੱਚੋਂ ਅਤੇ ਪਿਛਲੇ ਸਕੂਲ ਅਧੀਨ Received List ਵਿੱਚੋਂ 'Print' option ਤੇ click ਕਰਕੇ Print ਕੀਤਾ ਜਾ ਸਕਦਾ ਹੈ। ਵਿਦਿਆਰਥੀ ਨਵੇਂ ਸਕੂਲ ਵਿੱਚ Shift ਹੋ ਜਾਵੇਗਾ ਅਤੇ ਉਸਦੇ ਵੇਰਵੇ ਸਬੰਧਤ ਫਾਰਮ ਅਧੀਨ View Inserted Records ਦੀ option ਵਿੱਚ ਚੈੱਕ ਕੀਤੇ ਜਾ ਸਕਦੇ ਹਨ।

**ਨੋਟ:-**

1. ਜੇਕਰ ਕੋਈ ਸਕੂਲ ਮੁਖੀ, ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਕਿਸੇ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਦਿੰਦਾ ਹੈ ਤਾਂ ਉਸ ਵਿਦਿਆਰਥੀ ਦੀ ਆਨ-ਲਾਈਨ ਐਂਟਰੀ ਪਿਛਲੇ ਸਕੂਲ ਵਿੱਚ ਹੀ ਸ਼ੋਅ ਹੋਵੇਗੀ। ਜਿਸ ਕਰਕੇ ਅੱਠਵੀਂ/ਦਸਵੀਂ/ਬਾਰਵੀਂ ਸ਼੍ਰੇਣੀ ਵਿੱਚ ਨਵੇਂ ਸਕੂਲ ਵੱਲੋਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਨਹੀਂ ਕੀਤੇ ਜਾ ਸਕਣਗੇ ਅਤੇ ਨਾ ਹੀ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦਾ ਆਨ-ਲਾਈਨ ਰਿਜ਼ਲਟ ਅਪਲੋਡ ਹੋ ਸਕੇਗਾ। ਇਸ ਲਈ ਸਕੂਲ ਮੁਖੀ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ ਨਿਕਲਣ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨਾਂ ਸਕੂਲ ਵਿੱਚ ਦਾਖਲਾ ਨਾ ਦੇਣ। ਜੇਕਰ ਕੋਈ ਸਕੂਲ ਮੁਖੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲ ਕਰਦਾ ਹੈ ਤਾਂ ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਨਿਯਮਾਂ ਅਨੁਸਾਰ ਸਕੂਲ ਮੁਖੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ।
2. ਸਕੂਲ ਤੋਂ ਸਕੂਲ ਮਾਈਗਰੇਸ਼ਨ ਲਈ Online Fee Payment ਤੱਕ ਦਾ ਸਾਰਾ Process 28 ਨਵੰਬਰ 2025 ਤੱਕ ਪੂਰਾ ਕਰਨਾ ਲਾਜ਼ਮੀ ਹੈ।
3. ਬੋਰਡ ਵੱਲੋਂ ਆਨ-ਲਾਈਨ ਮਾਈਗਰੇਸ਼ਨ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਹੀ ਪਿਛਲੇ ਸਕੂਲ ਵੱਲੋਂ ਵਿਦਿਆਰਥੀ ਦਾ ਨਾਮ ਕੱਟਿਆ ਜਾਵੇ ਅਤੇ ਨਵੇਂ ਸਕੂਲ ਵੱਲੋਂ ਦਾਖਲਾ ਵੀ ਵਿਦਿਆਰਥੀ ਦਾ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਹੀ ਦਿੱਤਾ ਜਾਵੇ।

Nishan Singh
ਸੁਪਰਡੰਟ(ਰਜਿਸਟ੍ਰੇਸ਼ਨ)